# आधुनिक दौर के विद्यार्थियों में बढ़ती अनुशासनहीनता और क्रोध

**भारतीय** संस्कृति में गुरु और शिष्य का अटूट संबंध रहा है। गुरु को ब्रह्मा, विष्णु और महेश के समान दर्जा दिया गया है। अज्ञान को नष्ट करने वाला जो ब्रह्म रूपी प्रकाश है, वह गुरु है। प्राचीन काल से आश्रमों में गुरु-शिष्य परम्परा का निर्वाह होता रहा है। प्राचीन काल में गुरु-शिष्य के संबंधों का आधार था गुरु का ज्ञान, मौलिकता और नैतिक बल, उनका शिष्यों के प्रति स्नेह भाव तथा ज्ञान बांटने का नि:स्वार्थ भाव। शिष्यों में गुरु के प्रति पूर्ण श्रद्धा होती थी। गुरु की क्षमता में पूर्ण विश्वास तथा गुरु के प्रति समर्पण एवं आज्ञाकारी होना भी एक भाव था।



प्रिं. डा. मोहन लाल

अनुशासन शिष्यों का एक महत्वपूर्ण गुण माना गया है। अनुशासन के बिना शिष्य की कल्पना भी नहीं की जा सकती। पहले शिष्य सहनशील, गुरु का सम्मान करने वाला एवं आज्ञाकारी होता था। उन्हीं शिष्यों में एकलव्य का महत्वपूर्ण स्थान है जिसने अपने गुरु द्रोणाचार्य की आज्ञा का पालन करते हुए अपने अंगूठे को काटकर गुरु दक्षिणा के रूप में दे दिया था। प्रत्येक भारतवासी प्राचीन गुरु-शिष्य परम्परा आज भी देखना चाहता है। आधुनिक युग में गुरु-शिष्य के संबंधों में बड़ी तेजी से बदलाव आ रहे हैं।

आज के भौतिकवादी समाज में ज्ञान से अधिक धन को महत्व दिया जाने लगा है अत: आज अध्यापन भी नि:स्वार्थ नहीं रह गया है। वह एक व्यवसाय के रूप में नजर आता है। छात्र और शिक्षक का संबंध भी एक उपभोक्ता (ग्राहक) और सेवा प्रदाता का होता जा रहा है। इसमें शिष्यों की गुरुओं के प्रति अगाध श्रद्धा व गुरुओं का छात्रों के प्रति स्नेह और संरक्षक का भाव लुप्त होता जा रहा है।

छात्रों में बढ़ती अनुशासनहीनता एवं क्रोध का कारण घर के संस्कार, घर एवं स्कूल का वातावरण, गलत संगति, नैतिक मूल्यों का पतन, धैर्य की कमी, शांत स्वभाव का न होना एवं आधुनिक शिक्षा प्रणाली है। आज विद्यार्थी स्कूल के नियमों का पालन दृढ़ता से नहीं करते। आज छात्र ऐशो- आराम व सुखमय जीवन जीना चाहते हैं। छात्र आधुनिक समय में विद्यालय के लिए ग्राहक हैं, निजी एवं प्राइवेट स्कूल उनसे ही चलते हैं। अध्यापकों द्वारा उन्हें अच्छे के लिए डांटना भी उन्हें बुरा लगता है और वे बहस करने लग जाते हैं। कुछ अभिभावक भी अपने बच्चों का पक्ष लेकर उन्हें बिगाड़ रहे हैं। छात्रों में नैतिक मूल्यों का पतन हो रहा है। मां को बच्चों का पहला गुरु माना जाता है।

आज की शिक्षा पद्धति से भी छात्र तनाव में आ रहे हैं। यह तनावयुक्त जीवनशैली छात्रों में प्रतिशोध और हिंसक भावना की आदत पैदा करने लगी है। आजकल अभिभावक भी बच्चों पर पढ़ाई और करियर का अनावश्यक दबाव बनाते हैं। वे यह समझना ही नहीं चाहते कि प्रत्येक बच्चे की बुद्धि का स्तर अलग-अलग होता है जिस कारण हर छात्र प्रथम नहीं आ सकता। अभिभावकों की अपने बच्चों से बहुत अधिक अपेक्षा करना, उन्हें अधिक समय न देना, उनकी जरूरतें पूरी न करना भी छात्रों में असंतोष को बढ़ावा देता है। कुछ अभिभावक धनोपार्जन के चक्कर में अपने बच्चों की ओर ध्यान नहीं दे पाते और बच्चे निराशा व कुंठा का शिकार हो जाते हैं और वे स्कूल, समाज तथा मां-बाप के लिए घातक बन जाते हैं। बच्चों के क्रोध एवं उनकी अनुशासनहीनता को समझने के लिए गहन अध्ययन एवं मंथन की आवश्यकता है।

आधुनिक समय में प्रत्येक विद्यालय में काऊंसलर के पदों का होना अत्यावश्यक है। काऊंसलर शिक्षक और छात्र के बीच पुल का काम करते हैं। वे छात्रों का मार्गदर्शन करते हैं, करियर के बारे में रास्ता दिखाते हैं। वे छात्रों की अनुशासनहीनता और क्रोध को मनोवैज्ञानिक तरीके से दूर करते हैं। अत: विद्यालयों में सप्ताह में एक-एक कालांश (पीरियड) छात्रों को अवश्य दिया जाना चाहिए। जिन छात्रों का पढ़ने में मन नहीं लगता काऊंसलर उनका भी मार्गदर्शन करते हैं। आज के भौतिकवादी युग में हम बच्चों को उचित समय नहीं दे पाते। उनकी पूर्ति पैसे से करने का प्रयास करते हैं। यही बात उनकी अपराध प्रवृत्ति को बढ़ावा देती है।

माता-पिता के साथ बिताए गए समय की पूर्ति किसी भी वस्तु से नहीं हो सकती। अध्यापकों को भी छात्रों के सम्मुख एक उदाहरण बनने की जरूरत है। अभिभावक अपने बच्चों में अच्छे संस्कार पैदा करें, अध्यापक उनके व्यक्तित्व का निर्माण करें एवं सरकार एक अच्छी शिक्षा प्रणाली विकसित करे। अभिभावक, अध्यापक एवं सरकार ये तीनों मिलकर छात्रों में बढ़ती अनुशासनहीनता एवं क्रोध को मिटाकर उन्हें सत्य और अहिंसा के मार्ग की ओर अग्रसर कर सकते हैं।

# ਵਿਦਿਆਰਥੀਆਂ 'ਚ ਵਧਦੀ ਅਨੁਸ਼ਾਸਨਹੀਣਤਾ ਅਤੇ ਗੁੱਸਾ



ਡਾ. ਮੋਹਨ ਲਾਲ ਸ਼ਰਮਾ (ਪ੍ਰਿੰਸੀਪਲ)

ਭਾਰਤੀ ਸੱਭਿਆਚਾਰ 'ਚ ਗੁਰੂ ਤੇ ਚੇਲੇ ਦਾ ਅਟੁੱਟ ਸਬੰਧ ਰਿਹਾ ਹੈ। ਗੁਰੂ ਨੂੰ ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਬਰਾਬਰ ਦਰਜਾ ਦਿੱਤਾ ਗਿਆ ਹੈ। ਅਗਿਆਨ ਨੂੰ ਦੂਰ ਕਰਨ ਵਾਲਾ ਜੋ ਬ੍ਰਹਮ ਰੂਪੀ ਪ੍ਰਕਾਸ਼ (ਚਾਨਣ) ਹੈ, ਉਹ ਗੁਰੂ ਹੈ। ਪ੍ਰਾਚੀਨ ਕਾਲ ਤੋਂ ਆਸ਼ਰਮਾਂ ਵਿਚ ਗੁਰੂ-ਚੇਲਾ ਪ੍ਰੰਪਰਾ ਨਿਭਾਈ ਜਾਂਦੀ ਰਹੀ ਹੈ। ਗੁਰੂ-ਚੇਲੇ ਦੇ ਸਬੰਧਾਂ ਦਾ ਆਧਾਰ ਸੀ ਗੁਰੂ ਦਾ ਗਿਆਨ, ਮੌਲਿਕਤਾ ਅਤੇ ਨੈਤਿਕ ਬਲ, ਗੁਰੂ ਦੀ ਚੇਲਿਆਂ ਪ੍ਰਤੀ ਸਨੇਹ ਭਾਵਨਾ ਤੇ ਗਿਆਨ ਵੰਡਣ ਦੀ ਨਿਰਸੁਆਰਥ ਭਾਵਨਾ।

ਚੇਲਿਆਂ 'ਚ ਵੀ ਗੁਰੂ ਪ੍ਰਤੀ ਪੂਰੀ ਸ਼ਰਧਾ ਹੁੰਦੀ ਸੀ। ਗੁਰੂ ਦੀ ਸਮਰੱਥਾ 'ਚ ਪੂਰਾ ਭਰੋਸਾ ਤੇ ਗੁਰੂ ਪ੍ਰਤੀ ਸਮਰਪਿਤ, ਆਗਿਆਕਾਰੀ ਹੋਣਾ ਵੀ ਇਕ ਭਾਵਨਾ ਸੀ। ਅਨੁਸ਼ਾਸਨ ਚੇਲਿਆਂ ਦਾ ਇਕ ਅਹਿਮ ਗੁਣ ਮੰਨਿਆ ਗਿਆ ਹੈ। ਅਨੁਸ਼ਾਸਨ ਤੋਂ ਬਿਨਾਂ ਚੇਲੇ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਪਹਿਲਾਂ ਚੇਲਾ ਸਹਿਣਸ਼ੀਲ, ਗੁਰੂ ਦਾ ਸਨਮਾਨ ਕਰਨ ਵਾਲਾ ਅਤੇ ਆਗਿਆਕਾਰੀ ਹੁੰਦਾ ਸੀ। ਉਨ੍ਹਾਂ ਹੀ ਚੇਲਿਆਂ ਵਿਚ ਏਕਲੱਵਿਆ ਦਾ ਅਹਿਮ ਸਥਾਨ ਹੈ, ਜਿਸ ਨੇ ਆਪਣੇ ਗੁਰੂ ਦ੍ਰੋਣਾਚਾਰੀਆ ਦੀ ਆਗਿਆ ਮੰਨ ਕੇ ਆਪਣਾ ਅੰਗੂਠਾ ਕੱਟ ਕੇ ਉਨ੍ਹਾਂ ਨੂੰ ਗੁਰੂ ਦੱਖਣਾ ਦੇ ਰੂਪ 'ਚ ਦੇ ਦਿੱਤਾ ਸੀ।

ਅੱਜ ਵੀ ਹਰੇਕ ਭਾਰਤਵਾਸੀ ਉਹੀ ਪੁਰਾਣੀ ਗੁਰੂ-ਚੇਲਾ ਪ੍ਰੰਪਰਾ ਦੇਖਣਾ ਚਾਹੁੰਦਾ ਹੈ। ਆਧੁਨਿਕ ਯੁੱਗ ਵਿਚ ਗੁਰੂ-ਚੇਲੇ ਦੇ ਸਬੰਧਾਂ ਵਿਚ ਤੇਜ਼ੀ ਨਾਲ ਤਬਦੀਲੀਆਂ ਆ ਰਹੀਆਂ ਹਨ। ਅੱਜ ਦੇ ਭੌਤਿਕਵਾਦੀ ਸਮਾਜ 'ਚ ਗਿਆਨ ਨਾਲੋਂ ਜ਼ਿਆਦਾ ਅਹਿਮੀਅਤ ਧਨ ਨੂੰ ਦਿੱਤੀ ਜਾਣ ਲੱਗੀ ਹੈ, ਇਸ ਲਈ ਅੱਜ ਅਧਿਆਪਨ ਕਿੱਤਾ ਵੀ ਨਿਰਸੁਆਰਥ ਨਹੀਂ ਰਹਿ ਗਿਆ ਹੈ ਤੇ ਇਹ ਇਕ ਧੰਦੇ ਦੇ ਰੂਪ 'ਚ ਨਜ਼ਰ ਆਉਂਦਾ ਹੈ।

ਵਿਦਿਆਰਥੀ-ਅਧਿਆਪਕ ਦਾ ਸਬੰਧ ਇਕ ਖਪਤਕਾਰ (ਗਾਹਕ) ਅਤੇ ਦੁਕਾਨਦਾਰ ਵਾਲਾ ਬਣਦਾ ਜਾ ਰਿਹਾ ਹੈ। ਇਸੇ ਕਾਰਨ ਚੇਲਿਆਂ ਦੀ ਗੁਰੂਆਂ ਪ੍ਰਤੀ (ਜਾਂ ਵਿਦਿਆਰਥੀਆਂ ਦੀ ਅਧਿਆਪਕਾਂ ਪ੍ਰਤੀ) ਸ਼ਰਧਾ, ਸਤਿਕਾਰ ਅਤੇ ਸਨੇਹ ਦੀ ਭਾਵਨਾ ਅਲੋਪ ਹੁੰਦੀ ਜਾ ਰਹੀ ਹੈ।

ਵਿਦਿਆਰਥੀਆਂ ਵਿਚ ਵਧਦੀ ਅਨੁਸ਼ਾਸਨਹੀਣਤਾ ਤੇ ਗੁੱਸੇ ਦਾ ਕਾਰਨ ਘਰ ਦੇ ਸੰਸਕਾਰ, ਘਰ ਅਤੇ ਸਕੂਲ ਦੇ ਮਾਹੌਲ, ਗਲਤ ਸੰਗਤ, ਨੈਤਿਕ ਕਦਰਾਂ-ਕੀਮਤਾਂ ਵਿਚ ਗਿਰਾਵਟ, ਬੇਸਬਰੀ, ਸ਼ਾਂਤ ਸੁਭਾਅ ਦਾ ਨਾ ਹੋਣਾ ਤੇ ਆਧੁਨਿਕ ਸਿੱਖਿਆ ਪ੍ਰਣਾਲੀ ਹੈ।

ਅੱਜ ਵਿਦਿਆਰਥੀ ਸਕੂਲ ਦੇ ਨਿਯਮਾਂ ਦੀ ਪਾਲਣਾ ਦ੍ਰਿੜ੍ਹਤਾ ਨਾਲ ਨਹੀਂ ਕਰਦੇ। ਉਹ ਐਸ਼ੋ-ਆਰਾਮ ਵਾਲਾ ਜੀਵਨ ਬਿਤਾਉਣਾ ਚਾਹੁੰਦੇ ਹਨ। ਵਿਦਿਆਰਥੀ ਅੱਜ ਸਕੂਲਾਂ ਲਈ 'ਗਾਹਕ' ਬਣ ਗਏ ਹਨ। ਪ੍ਰਾਈਵੇਟ ਸਕੂਲ ਅਜਿਹੇ 'ਗਾਹਕਾਂ' ਨਾਲ ਹੀ ਚੱਲਦੇ ਹਨ। ਅਧਿਆਪਕਾਂ ਵਲੋਂ ਉਨ੍ਹਾਂ ਨੂੰ ਚੰਗਿਆਈ ਲਈ ਡਾਂਟਣਾ ਵੀ ਵਿਦਿਆਰਥੀਆਂ ਨੂੰ ਬੁਰਾ ਲੱਗਦਾ ਹੈ ਅਤੇ ਉਹ ਅੱਗਿਓਂ ਬਹਿਸ ਕਰਨ ਲੱਗ ਪੈਂਦੇ ਹਨ। ਕੁਝ ਮਾਪੇ ਵੀ ਆਪਣੇ ਬੱਚਿਆਂ ਦਾ ਪੱਖ ਲੈ ਕੇ ਉਨ੍ਹਾਂ ਨੂੰ ਵਿਗਾੜ ਰਹੇ ਹਨ।

ਵਿਦਿਆਰਥੀਆਂ ਵਿਚ ਨੈਤਿਕ ਕਦਰਾਂ-ਕੀਮਤਾਂ ਦਾ ਪਤਨ ਹੋ ਰਿਹਾ ਹੈ। ਮਾਂ ਨੂੰ ਬੱਚਿਆਂ ਦੀ ਪਹਿਲੀ ਗੁਰੂ ਮੰਨਿਆ ਜਾਂਦਾ ਹੈ। ਪ੍ਰਸਿੱਧ ਚਿੰਤਕ ਅਰਸਤੂ ਨੇ ਕਿਹਾ ਸੀ ਕਿ "ਤੁਸੀਂ ਮੈਨੂੰ 100 ਚੰਗੀਆਂ ਮਾਵਾਂ ਦਿਓ, ਮੈਂ ਤੁਹਾਨੂੰ ਚੰਗਾ ਰਾਸ਼ਟਰ ਦਿਆਂਗਾ।" ਮਾਂ ਵਲੋਂ ਦਿੱਤੇ ਗਏ ਚੰਗੇ ਸੰਸਕਾਰ ਹੀ ਬੱਚਿਆਂ ਨੂੰ ਸੰਸਕਾਰੀ ਬਣਾਉਂਦੇ ਹਨ।

ਅੱਜ ਦੀ ਸਿੱਖਿਆ ਪ੍ਰਣਾਲੀ ਕਾਰਨ ਵੀ ਵਿਦਿਆਰਥੀ ਤਣਾਅ 'ਚ ਆ ਰਹੇ ਹਨ। ਅਜਿਹੀ ਜੀਵਨ ਸ਼ੈਲੀ ਵਿਦਿਆਰਥੀਆਂ ਵਿਚ ਗੁੱਸੇ ਅਤੇ ਹਿੰਸਕ ਭਾਵਨਾ ਨੂੰ ਪੈਦਾ ਕਰਦੀ ਹੈ। ਮਾਪੇ ਵੀ ਅੱਜਕਲ ਬੱਚਿਆਂ 'ਤੇ ਪੜ੍ਹਾਈ ਅਤੇ ਕੈਰੀਅਰ ਦਾ ਬੇਲੋੜਾ ਦਬਾਅ ਬਣਾਉਂਦੇ ਹਨ। ਉਹ ਇਹ ਸਮਝਣਾ ਹੀ ਨਹੀਂ ਚਾਹੁੰਦੇ ਕਿ ਹਰੇਕ ਬੱਚੇ ਦੀ ਬੁੱਧੀ ਦਾ ਪੱਧਰ ਵੱਖ-ਵੱਖ ਹੁੰਦਾ ਹੈ, ਜਿਸ ਕਾਰਨ ਹਰੇਕ ਵਿਦਿਆਰਥੀ 'ਫਸਟ' ਨਹੀਂ ਆ ਸਕਦਾ।

ਵਧਦੇ ਮਾਨਸਿਕ ਤਣਾਅ, ਸੰਸਕਾਰਾਂ ਦੀ ਘਾਟ ਅਤੇ ਨਾਂਹ-ਪੱਖੀ ਸੋਚ ਕਾਰਨ ਵਿਦਿਆਰਥੀਆਂ ਵਿਚ ਗੁੱਸਾ ਪੈਦਾ ਹੋ ਰਿਹਾ ਹੈ। ਇਸ ਤੋਂ ਇਲਾਵਾ ਮਾਪਿਆਂ ਦੀ ਆਪਣੇ ਬੱਚਿਆਂ ਤੋਂ ਬਹੁਤ ਜ਼ਿਆਦਾ ਉਮੀਦ ਕਰਨਾ, ਉਨ੍ਹਾਂ ਨੂੰ ਜ਼ਿਆਦਾ ਸਮਾਂ ਨਾ ਦੇਣਾ, ਉਨ੍ਹਾਂ ਦੀਆਂ ਲੋੜਾਂ ਪੂਰੀਆਂ ਨਾ ਕਰਨਾ ਵੀ ਵਿਦਿਆਰਥੀਆਂ ਵਿਚ ਗੁੱਸੇ ਤੇ ਬੇਸੰਤੋਖੀ ਨੂੰ ਵਧਾਉਂਦਾ ਹੈ।

ਕੁਝ ਮਾਪੇ ਸਿਰਫ ਪੈਸਾ ਕਮਾਉਣ ਦੇ ਚੱਕਰ ਵਿਚ ਆਪਣੇ ਬੱਚਿਆਂ ਨੂੰ ਅਣਡਿੱਠ ਕਰਦੇ ਰਹਿੰਦੇ ਹਨ, ਜਿਸ ਕਾਰਨ ਬੱਚੇ ਨਿਰਾਸ਼ਾ ਦਾ ਸ਼ਿਕਾਰ ਹੋ ਜਾਂਦੇ ਹਨ ਤੇ ਅਜਿਹੀ ਸਥਿਤੀ ਵਿਚ ਕਈ ਬੱਚੇ ਸਕੂਲ, ਸਮਾਜ ਤੇ ਮਾਂ-ਪਿਓ ਲਈ ਘਾਤਕ ਬਣ ਜਾਂਦੇ ਹਨ।

ਬੱਚਿਆਂ ਦੇ ਗੁੱਸੇ ਤੇ ਉਨ੍ਹਾਂ ਦੀ ਅਨੁਸ਼ਾਸਨਹੀਣਤਾ ਨੂੰ ਸਮਝਣ ਲਈ ਡੂੰਘੇ ਅਧਿਐਨ ਤੇ ਵਿਚਾਰ-ਵਟਾਂਦਰੇ ਦੀ ਲੋੜ ਹੈ। ਅੱਜ ਹਰੇਕ ਸਕੂਲ ਵਿਚ ਕਾਊਂਸਲਰ ਦੇ ਅਹੁਦੇ ਦਾ ਹੋਣਾ ਜ਼ਰੂਰੀ ਹੈ, ਜੋ ਅਧਿਆਪਕ ਅਤੇ ਵਿਦਿਆਰਥੀਆਂ ਵਿਚਾਲੇ ਪੁਲ ਦਾ ਕੰਮ ਕਰਦਾ ਹੈ।

ਉਹ ਵਿਦਿਆਰਥੀਆਂ ਦਾ ਮਾਰਗਦਰਸ਼ਨ ਕਰਦਾ ਹੈ, ਕੈਰੀਅਰ ਬਾਰੇ ਰਾਹ ਦਿਖਾਉਂਦਾ ਹੈ, ਉਨ੍ਹਾਂ ਦੀ ਅਨੁਸ਼ਾਸਨਹੀਣਤਾ ਤੇ ਗੁੱਸੇ ਨੂੰ ਮਨੋਵਿਗਿਆਨਿਕ ਢੰਗ ਨਾਲ ਦੂਰ ਕਰਦਾ ਹੈ। ਇਸ ਲਈ ਸਕੂਲਾਂ ਵਿਚ ਹਫਤੇ ਵਿਚ ਘੱਟੋ-ਘੱਟ ਇਕ ਪੀਰੀਅਡ ਕਾਊਂਸਲਰ ਦਾ ਜ਼ਰੂਰ ਹੋਣਾ ਚਾਹੀਦਾ ਹੈ।

ਅੱਜ ਦੇ ਭੌਤਿਕਵਾਦੀ ਯੁੱਗ ਵਿਚ ਅਸੀਂ ਬੱਚਿਆਂ ਨੂੰ ਪੂਰਾ ਸਮਾਂ ਨਹੀਂ ਦੇ ਸਕਦੇ ਅਤੇ ਉਸ ਦੀ ਪੂਰਤੀ ਪੈਸੇ ਨਾਲ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਇਹੋ ਗੱਲ ਉਨ੍ਹਾਂ ਅੰਦਰ ਅਪਰਾਧਿਕ ਰੁਝਾਨ ਨੂੰ ਵਧਾਉਂਦੀ ਹੈ। ਅਧਿਆਪਕਾਂ ਨੂੰ ਵੀ ਵਿਦਿਆਰਥੀਆਂ ਸਾਹਮਣੇ ਇਕ ਮਿਸਾਲ ਬਣਨ ਦੀ ਲੋੜ ਹੈ।

ਮਾਪੇ ਆਪਣੇ ਬੱਚਿਆਂ ਵਿਚ ਚੰਗੇ ਸੰਸਕਾਰ ਪੈਦਾ ਕਰਨ, ਅਧਿਆਪਕ ਉਨ੍ਹਾਂ ਦੀ ਸ਼ਖ਼ਸੀਅਤ ਦਾ ਨਿਰਮਾਣ ਕਰਨ ਤੇ ਸਰਕਾਰ ਇਕ ਚੰਗੀ ਸਿੱਖਿਆ ਪ੍ਰਣਾਲੀ ਵਿਕਸਿਤ ਕਰੇ, ਇਹ ਤਿੰਨੋਂ ਮਿਲ ਕੇ ਵਿਦਿਆਰਥੀਆਂ ਵਿਚ ਅਨੁਸ਼ਾਸਨਹੀਣਤਾ ਤੇ ਗੁੱਸੇ ਨੂੰ ਮਿਟਾ ਕੇ ਉਨ੍ਹਾਂ ਨੂੰ ਸੱਚ, ਅਹਿੰਸਾ ਦੇ ਰਾਹ 'ਤੇ ਤੋਰ ਸਕਦੇ ਹਨ।

(drmlsharma5@gmail.com)

## ਸੰਪਾਦਕ ਦੇ ਨਾਂ ਪੱਤਰ

### ਜਗ-ਜਨਨੀ ਦੀ ਪੀੜ

25 ਨਵੰਬਰ 2017 ਦੇ 'ਜਗ ਬਾਣੀ' ਵਿਚ ਸੰਪਾਦਕੀ ਸਫੇ ਉੱਤੇ ਇਕ ਲੇਖ ਪੜ੍ਹਿਆ, ਜੋ ਕਿ ਇਕ ਮਜਬੂਰ ਔਰਤ ਦੀ ਬਹੁਤ ਹੀ ਦਰਦ ਭਰੀ ਕਹਾਣੀ ਪੇਸ਼ ਕਰਦਾ ਸੀ। ਸੈਕਸ ਗੁਲਾਮ ਵਜੋਂ ਤਸੀਹੇ ਝੱਲ ਚੁੱਕੀ ਨਾਦੀਆ ਮੁਰਾਦ ਨੇ ਬੜੀ ਹਿੰਮਤ ਕਰ ਕੇ ਆਪਣੀ ਦੁੱਖ ਭਰੀ ਦਾਸਤਾਨ ਨੂੰ ਕਿਤਾਬੀ ਰੂਪ ਦੇ ਕੇ ਜਨਤਾ ਦੇ ਸਾਹਮਣੇ ਰੱਖਿਆ ਹੈ, ਜੋ ਕਿ ਆਪਣੇ ਆਪ 'ਚ ਹੀ ਬਹੁਤ ਵੱਡੀ ਹੌਸਲੇ ਵਾਲੀ ਗੱਲ ਕਹੀ ਜਾ ਰਹੀ ਹੈ।

ਜਿੱਧਰ ਮਰਜ਼ੀ ਵੇਖ ਲਓ, ਅੱਜ ਹਰ ਪਾਸੇ ਔਰਤਾਂ ਉੱਤੇ ਜ਼ੁਲਮ ਕਰਨ ਵਾਲੀਆਂ ਦਾਸਤਾਨਾਂ ਆਮ ਸੁਣਨ ਨੂੰ ਮਿਲ ਰਹੀਆਂ ਹਨ। ਨਾਦੀਆ ਮੁਰਾਦ ਨੇ ਤਾਂ ਆਪਣੇ ਉੱਤੇ ਹੋਏ ਜ਼ੁਲਮ ਨੂੰ ਪ੍ਰਗਟ ਕਰ ਕੇ ਸਾਰਾ ਭੇਤ ਖੋਲ੍ਹ ਦਿੱਤਾ ਹੈ ਪਰ ਹਾਲੇ ਬਹੁਤ ਕੁਝ ਅਜਿਹਾ ਹੈ, ਜੋ ਪਰਦੇ ਦੇ ਪਿੱਛੇ ਹੈ। ਅੱਜ ਔਰਤਾਂ ਨਾਲ ਬਲਾਤਕਾਰ ਨੂੰ ਇਕ ਖੇਡ ਹੀ ਬਣਾ ਦਿੱਤਾ ਗਿਆ ਹੈ, ਜੋ ਕਿ ਬਹੁਤ ਹੀ ਗਲਤ ਹੈ। ਆਓ, ਜਗ-ਜਨਨੀ ਦੀ ਇੱਜ਼ਤ ਕਰਨ ਵੱਲ ਵਧੀਏ।

—ਬਲਬੀਰ ਸਿੰਘ ਬੱਬੀ, ਪਿੰਡ ਤੱਖਰਾਂ (ਲੁਧਿਆਣਾ)